# ਦਫਤਰ ਨਗਰ ਕੌਂਸਲ ਮਾਨਸਾ।

Email: eomcmansa@gmail.com phone: 01652-227408

ਮਿਤੀ 20/10/15

ਨੰ: 3396

ਸੇਵਾ ਵਿਖੇ

ਮਾਨਯੋਗ ਡਿਪਟੀ ਕਮਿਸ਼ਨਰ,
ਮਾਨਸਾ।

ਵਿਸ਼ਾ:- ਮਾਨਸਾ ਜਿਲ੍ਹੇ ਵਿੱਚ ਛੱਪੜਾਂ ਦੀ ਡੀ-ਸਿਲਟਿੰਗ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੀ ਸੇਵਾ ਵਿੱਚ ਡੀਟੇਲ ਪ੍ਰੋਜੈਕਟ ਰਿਪੋਰਟ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਛੱਪੜਾਂ ਦੀ ਡੀ-ਸਿਲਟਿੰਗ ਕਰਵਾਉਣ ਤੋ ਪਹਿਲਾਂ ਉਸ ਦੇ ਸਬੰਧ ਵਿੱਚ ਰਿਸਰਚ ਅਤੇ ਜਾਣਕਾਰੀ ਇੱਕਠੀ ਕੀਤੀ ਜਾਣੀ ਅਤੀ ਜਰੂਰੀ ਹੈ। ਮਾਨਸਾ ਸ਼ਹਿਰ ਦਾ ਜੋ ਛੱਪੜ ਡੀ-ਸਿਲਟ ਕੀਤਾ ਜਾਣਾ ਹੈ ਉਥੇ ਬਰਸਾਤ ਦੇ ਪਾਣੀ ਦੇ ਨਾਲ-ਨਾਲ ਸ਼ਹਿਰ ਦਾ ਸੀਵਰੇਜ ਦਾ ਪਾਣੀ ਹੀ ਇੱਕਠਾ ਹੁੰਦਾ ਹੈ ਅਤੇ ਇਹ ਪਾਣੀ ਹੁਣ ਲਗਭਗ 25-30 ਏਕੜ ਵਿੱਚ ਫੈਲ ਗਿਆ ਹੈ। ਜੇਕਰ ਇੱਕ ਜਾਂ ਦੋ ਏਕੜ ਦੀ ਡੀ-ਸਿਲਟਿੰਗ ਕਰਵਾਈ ਜਾਂਦੀ ਹੈ ਤਾਂ ਉਸਦਾ ਜਿਆਦਾ ਲਾਭ ਨਹੀਂ ਹੋਵੇਗਾ ਅਤੇ ਵਿੱਤੀ ਨੁਕਸਾਨ ਵੀ ਹੋਵੇਗਾ। ਨਾਲ ਨੱਥੀ ਡੀ.ਪੀ.ਆਰ ਵਿੱਚ ਇਸ ਸਬੰਧੀ ਵੇਰਵਾ ਲਿਖਿਆ ਗਿਆ ਹੈ। ਇਸ ਨੂੰ ਘੋਖ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਰਿਸਰਚ ਲਈ ਲੋੜੀਂਦਾ ਮਾਰਗ ਦਰਸ਼ਨ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਮਿਉਂਸੀਪਲ ਇੰਜੀਨੀਅਰ
ਨਗਰ ਕੌਂਸਲ ਮਾਨਸਾ।

ਪਿੱਠ ਅੰਕਣ ਨੰ:3397 ਮਿਤੀ 20/10/15

ਇਸ ਦਾ ਉਤਾਰਾ: 3397

ਮਾਨਯੋਗ ਸਕੱਤਰ, ਸਥਾਨਕ ਸਰਕਾਰ ਵਿਭਾਗ,ਪੰਜਾਬ, ਚੰਡੀਗੜ੍ਹ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਚਿਤ ਮਾਰਗ ਦਰਸ਼ਨ ਅਤੇ ਲੋੜੀਦੇ ਹੁਕਮ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਨੱਥੀ:- ਡੀ.ਪੀ.ਆਰ (ਮਾਨਸਾ ਜਿਲ੍ਹੇ ਵਿੱਚ ਛੱਪੜਾਂ ਦੀ ਡੀ-ਸਿਲਟਿੰਗ ਲਈ ਰਿਸਰਚ ਅਤੇ ਸਟੱਡੀ ਕਰਨ ਸਬੰਧੀ) (Page 1-8)

Rohitash Garg 20/10/15
ਮਿਉਂਸੀਪਲ ਇੰਜੀਨੀਅਰ
ਨਗਰ ਕੌਂਸਲ ਮਾਨਸਾ।

Please check facts & record. 20/10/15

Pl. get the matter examined

CEO/PWSSB

6615 20/10

D:\Endst Eng.doc

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਪਵਸਸਬ-2015/ਵ/ 21180-81 ਮਿਤੀ: 13/11/15

ਉਪਰੋਕਤ ਦੀ ਨਕਲ ਹੇਠ ਲਿਖੀਆਂ ਨੂੰ

1. ਮੁੱਖ ਇੰਜੀਨੀਅਰ, (ਦੱਖਣ), ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਬਠਿੰਡਾ
2. ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਹਲਕਾ, ਬਠਿੰਡਾ

ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ, ਤਾਂ ਜੋ ਮੌਜੂਦਾ ਸਥਿਤੀ ਬਾਰੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਜਾ ਸਕੇ।

ਵਾਸਤੇ ਕਾਰਜਕਾਰੀ ਇੰਜੀਨੀਅਰ (ਕੰਮ)